2024768 ...
ਜ਼ੀ-1 21/6/2024

ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
ਸਮੱਗਰਾ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)
ਵਿੱਦਿਆ ਭਵਨ, ਈ ਬਲਾਕ, ਪੰਜਵੀ ਮੰਜ਼ਿਲ, ਫੇਜ਼-8, ਐਸ.ਏ.ਐਸ. ਨਗਰ, ਪੰਜਾਬ

ਵੱਲ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ./ਐ.ਸਿੱ.)
2. ਸਮੂਹ ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ (ਨੋਟਿਸ ਬੋਰਡ ਰਾਹੀਂ
3. ਸਮੂਹ ਸਕੂਲ ਮੁੱਖੀ (ਵੈਬਸਾਇਟ ਰਾਹੀਂ)

ਮੀਮੋ ਨੰ. ਸਮੱਗਰਾ/ਪਲਾਨ/2024/139138 ਮਿਤੀ: 11.06.2024

**ਵਿਸ਼ਾ: ਸਮੂਹ ਸਕੂਲਾਂ/ਸਿੱਖਿਆ ਸੰਸਥਾਵਾਂ ਨੂੰ ਤੰਬਾਕੂ ਫਰੀ ਕਰਨ ਸਬੰਧੀ।**

1.0 ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਸਕੂਲਾਂ/ਸਿੱਖਿਆ ਸੰਸਥਾਵਾਂ ਨੂੰ ਤੰਬਾਕੂ ਮੁੱਕਤ ਬਣਾਉਣ ਲਈ ਹੇਠ ਲਿਖੇ ਅਨੁਸਾਰ ਦਿਸਾ ਨਿਰਦੇਸ਼ ਦੀ ਪਾਲਣਾ ਸਕੂਲਾਂ ਵੱਲੋਂ ਕਰਨੀ ਯਕੀਨੀ ਬਣਾਈ ਜਾਵੇ:-

- ਸਕੂਲ/ਸੰਸਥਾ ਦੇ ਮੁੱਖ ਗੇਟ ਕੋਲ ਬਾਹਰੀ ਦੀਵਾਰ ਤੇ 'ਤੰਬਾਕੂ ਮੁਕਤ ਸਕੂਲ'/'ਤੰਬਾਕੂ ਮੁਕਤ ਸੰਸਥਾ' ਦਾ ਬੋਰਡ ਲਗਾਇਆ ਜਾਵੇ।
- ਸਕੂਲ/ਵਿਦਿੱਅਕ ਸੰਸਥਾਵਾਂ ਦੇ ਅੰਦਰ ਅਤੇ 100 ਗਜ ਦੇ ਘੇਰੇ ਅੰਗਰ ਤੰਬਾਕੂ ਉਤਪਾਦਾਂ ਦੀ ਵਿਕਰੀ ਦੀ ਮਨਾਹੀ ਹੋਵੇ ਅਤੇ ਇਸ ਸਬੰਧੀ Annexure A ਅਨੁਸਾਰ ਜਰੂਰੀ ਸੰਕੇਤ (sinage) ਸਕੂਲ ਦੇ ਮੁੱਖ ਗੇਟ ਅਤੇ ਬਾਹਰੀ ਦੀਵਾਰਾਂ ਤੇ ਦਰਸਾਏ ਜਾਣ।
- ਸਕੂਲ/ਸੰਸਥਾ ਦੇ ਅਹਾਤੇ (ਕੈਂਪਸ) ਅੰਦਰ ਕੋਈ ਵੀ ਵਿਦਿਆਰਥੀ, ਅਧਿਆਪਕ, ਹੋਰ ਸਕੂਲ ਸਟਾਫ ਅਤੇ ਬਾਹਰੋਂ ਆਉਣ ਵਾਲੇ ਵਿਅਕਤੀ ਕਿਸੇ ਵੀ ਤੰਬਾਕੂ ਉਤਪਾਦ ਦਾ ਸੇਵਨ ਨਹੀਂ ਕਰਨਗੇ।
- ਇਸ ਸਬੰਧੀ Annexure B ਅਨੁਸਾਰ 'No Smoking Area – Smoking Here is an Offence" ਤੰਬਾਕੂਨੋਸ਼ੀ ਮੁਕਤ ਖੇਤਰ – ਇੱਥੇ ਤੰਬਾਕੂਨੋਸ਼ੀ ਕਰਨਾ ਅਪਰਾਧ ਹੈ" ਦੇ 60x30 ਸੈ.ਮੀ. ਦੇ ਸੰਕੇਤ ਬੋਰਡ ਸਕੂਲ/ਹੋਸਟਲ ਦੇ ਅਹਾਤੇ ਅੰਦਰ ਦਰਸਾਏ ਜਾਣ।
- ਤੰਬਾਕੂ ਦੇ ਸਿਹਤ ਉੱਤੇ ਪੈਂਦੇ ਬੁਰੇ ਪ੍ਰਭਾਵਾਂ ਬਾਰੇ ਜਾਣਕਾਰੀ ਹਿੱਤ ਸਕੂਲਾਂ ਦੇ ਅੰਦਰ Annexure C ਅਨੁਸਾਰ ਪੋਸਟਰ ਲਗਾਏ ਜਾਣ ਅਤੇ ਵਿਦਿਆਰਥੀਆਂ ਨੂੰ ਵੀ ਇਸ ਕਾਰਜ਼ ਲਈ ਪੋਸਟਰ ਤਿਆਰ ਕਰਨ ਲਈ ਉਤਸ਼ਾਹਿਤ ਕੀਤਾ ਜਾਵੇ।
- ਸਕੂਲ/ਸੰਸਥਾ ਵਿੱਚ ਤੰਬਾਕੂ ਕੰਟਰੋਲ ਐਕਟ ਕਮੇਟੀ ਬਣਾਈ ਜਾਵੇ ਜਿਸ ਵਿੱਚ DPE/Physical Education Lecturer/PTI ਜਾਂ ਕੋਈ ਹੋਰ ਅਧਿਆਪਕ, ਸਕੂਲ ਕਾਉਂਸਲਰ (ਜੇਕਰ ਉਪਲੱਬਧ ਹੋਵੇ), NSS/NCC ਸਕਾਊਟ ਦੇ ਵਿਦਿਆਰਥੀ, ਘੱਟੋਂ-ਘੱਟ 2 ਵਿਦਿਆਰਥੀਆਂ ਦੇ ਮਾਪੇ, ਮਿਊਂਸਪਲ ਕਾਉਂਸਲਰ/ਪੰਚ, ਪੀ.ਆਰ.ਆਈ. ਦਾ ਮੈਂਬਰ ਆਦਿ ਕਮੇਟੀ ਦੇ ਮੈਂਬਰ ਹੋਣਗੇ। ਇਸ ਕਮੇਟੀ ਦਾ ਚੇਅਰਮੈਨ ਸਕੂਲ/ਸੰਸਥਾ ਦਾ ਮੁੱਖੀ ਹੋਵੇਗਾ।

ਇਸ ਕਮੇਟੀ ਦੀ ਮੀਟਿੰਗ ਐਸ.ਐਮ.ਸੀ./ਪਸਵਕ ਕਮੇਟੀ ਦੀ ਮੀਟਿੰਗ ਨਾਲ ਹੀ ਕਰ ਲਈ ਜਾਵੇ। ਵਿਦਿਆਰਥੀਆਂ ਦੀ ਪ੍ਰੋਗਰੈਸ ਦੇ ਵੇਲੇ ਇਸ ਵਿਸ਼ੇ ਤੇ ਵੀ ਚਰਚਾ ਕੀਤੀ ਜਾਵੇ।

- ਸਕੂਲ/ਸੰਸਥਾ ਵਿੱਚ ਪਹਿਲਾਂ ਤੋਂ ਚੱਲ ਰਹੇ ਸਿਹਤ ਪ੍ਰੋਗਰਾਮਾਂ ਵਿੱਚ ਤੰਬਾਕੂ ਨਿਯੰਤਰਣ ਸਬੰਧੀ ਕੀਤੀ ਗਈ ਕਰਵਾਈ ਦੀ ਸ਼ਮੂਲੀਅਤ ਵੀ ਕੀਤੀ ਜਾਵੇ।
- ਸਕੂਲ ਦੇ ਵਿਦਿਆਰਥੀਆਂ/ਅਧਿਆਪਕਾਂ/ਹੋਰ ਸਟਾਫ ਵੱਲੋਂ ਤੰਬਾਕੂ ਵਿਰੋਧੀ ਕੀਤੇ ਜਾ ਰਹੇ ਕੰਮਾਂ ਨੂੰ ਸਕੂਲ/ਸੰਸਥਾ ਮੁੱਖੀ, ਪ੍ਰਿੰਸੀਪਲ ਦੁਆਰਾ ਉਤਸਾਹਿਤ ਕਰਦੇ ਹੋਏ ਸਬੰਧਤ ਵਿਅਕਤੀਆਂ ਨੂੰ ਪ੍ਰਸ਼ੰਸਾ ਪੱਤਰ ਦਿੱਤੇ ਜਾ ਸਕਦੇ ਹਨ।

2.0 ਆਪ ਵੱਲੋਂ ਸਕੂਲਾਂ ਵਿੱਚ ਤੰਬਾਕੂ ਕੰਟਰੋਲ ਐਕਟ ਦੇ ਦਿਸਾ ਨਿਰਦੇਸ਼ਾਂ ਦੀ ਪਾਲਣਾ ਸਬੰਧੀ ਮਹੀਨਾਵਾਰ ਕੀਤੀਆਂ ਜਾਣ ਵਾਲੀਆਂ ਮੀਟਿੰਗਾਂ ਵਿੱਚ ਏਜੰਡਾ ਵੀ ਸਾਮਿਲ ਕੀਤਾ ਜਾਵੇ।

3.0 ਆਪ ਵੱਲੋਂ ਆਪਣੇ ਜਿਲ੍ਹੇ ਅਧੀਨ ਕੀਤੀਆਂ ਜਾਣ ਵਾਲੀਆਂ ਸਕੂਲਾਂ ਦੀ ਇੰਨਸਪੈਕਸਨਾਂ ਦੌਰਾਨ ਚੈੱਕ ਕੀਤਾ ਜਾਵੇ ਕਿ ਸਕੂਲਾਂ ਵੱਲੋਂ ਤੰਬਾਕੂ ਦੀ ਹਦਾਇਤਾਂ ਅਤੇ Cotpa Act 2003 ਦੀ ਪਾਲਣਾ ਕੀਤੀ ਜਾ ਰਹੀ ਹੈ ਜਾਂ ਨਹੀਂ।

4.0 ਆਪ ਨੂੰ ਇਸ ਦਫਤਰ ਦੇ ਪੱਤਰ ਨੰ. ਸਮੱਗਰਾ/ਪਲਾਨ/2024/133343 ਮਿਤੀ 30.05.2024 ਰਾਹੀਂ ਜਾਰੀ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ,**
**ਸਮੱਗਰਾ ਸਿੱਖਿਆ ਅਭਿਆਨ ਪੰਜਾਬ।**

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ**

ਪਿਠ ਅੰਕਣ ਨੰ :ਜੀ-1/1 ( )2024/ 9057 ਮਿਤੀ: 21/06/2024

ਉਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ , ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

21/6/24

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।

Annexure-A

ਸਕੂਲ, ਕਾਲਜ ਅਤੇ ਹੋਰ ਵਿੱਦਿਅਕ ਸੰਸਥਾਵਾਂ ਦਾ ਬਾਹਰ ਲੱਗਣ ਯੋਗ ਸਾਈਨੇਜ ਬੋਰਡ:

# ਤੰਬਾਕੂ ਰਹਿਤ ਸੰਸਥਾ

ਇਸ ਸਕੂਲ / ਵਿੱਦਿਅਕ ਸੰਸਥਾ ਦੀ ਚਾਰ ਦੀਵਾਰੀ ਤੋਂ 100 ਗਜ਼ ਦੇ ਘੇਰੇ ਅੰਦਰ ਸਿਗਰੇਟ ਅਤੇ ਹੋਰ ਤੰਬਾਕੂ ਉਤਪਾਦ ਵੇਚਣਾ ਸਜ਼ਾਯੋਗ ਅਪਰਾਧ ਹੈ। ਇਸ ਦੀ ਉਲੰਘਣਾ ਕਰਨ ਵਾਲੇ ਨੂੰ 200/- ਤੱਕ ਜੁਰਮਾਨਾ ਹੋ ਸਕਦਾ ਹੈ।

17

20

Annexure - B

## Section 4 Signage

| Design of the signage | Specification of the board |
| --- | --- |
|   | 1. The board shall be of a minimum size of 60 cm by 30 cm of white background<br>2. It shall contain a circle of no less than 15 cm outer diameter with a red perimeter of no less than [illegible] cm wide with a picture, in the centre, of a cigarette or beedi with black smoke and crossed by a red band<br>3. The width of the red band across the cigarette shall equal the width of the red perimeter<br>4. The board shall contain the warning 'No Smoking Area – Smoking Here is an Offence' in English or one Indian language as applicable |

Annexure-A

ਸਕੂਲ, ਕਾਲਜ ਅਤੇ ਹੋਰ ਵਿੱਦਿਅਕ ਸੰਸਥਾਵਾਂ ਦਾ ਬਾਹਰ ਲੱਗਣ ਵਾਲਾ ਸਾਈਨੇਜ ਨਮੂਨਾ:

# ਤੰਬਾਕੂ ਰਹਿਤ ਸੰਸਥਾ

ਇਸ ਸਕੂਲ / ਵਿੱਦਿਅਕ ਸੰਸਥਾ ਦੀ ਚਾਰ ਦੀਵਾਰੀ ਤੋਂ 100 ਗਜ਼ ਦੇ ਘੇਰੇ ਅੰਦਰ ਸਿਗਰੇਟ ਅਤੇ ਹੋਰ ਤੰਬਾਕੂ ਉਤਪਾਦ ਵੇਚਣਾ ਸਜ਼ਾਯੋਗ ਅਪਰਾਧ ਹੈ। ਇਸ ਦੀ ਉਲੰਘਣਾ ਕਰਨ ਵਾਲੇ ਨੂੰ 200/- ਤੱਕ ਜੁਰਮਾਨਾ ਹੋ ਸਕਦਾ ਹੈ।

17

## Section 6(a) Signage:- to be displayed at all Points of Sale

1. The Board shall be of a minimum size of 60 cm by 30cm of white back ground
2. The Board shall contain the warning "sale of tobacco products to a person below the age of eighteen years is a punishable offence", in Indian language (s) as applicable and a pictorial depiction of the ill effects of tobacco use on health




## Section 6(b) Signage:-

### तम्बाकू मुक्त शिक्षण संस्थान

इस शिक्षण के 100 गज (300 फुट) के दायरे में किसी भी तरह के तम्बाकू उत्पाद बेचना कानूनन (कोटपा, 2003 की धारा 6 बी) के अंतर्गत अपराध है।

उल्लंघनकर्ता को रु0 200-/ दो सौ रु0 तक का जुर्माना किया जायेगा।

आदेशानुसार

शिक्षण संस्थान के मुख्य का नाम ..............................

शिक्षण संस्थान का नाम ..............................